
# 8 ਮਾਪ

## ਉਦੇਸ਼

- ਮਾਪ ਦੀਆਂ ਮਿਆਰੀ ਇਕਾਈਆਂ (Standard units) ਤੋਂ ਜਾਣੂ ਕਰਵਾਉਣਾ।
- ਛੋਟੀਆਂ-ਵੱਡੀਆਂ ਮਿਆਰੀ ਇਕਾਈਆਂ (Standard units) ਦਾ ਆਪਸੀ ਸਬੰਧ।
- ਮਿਆਰੀ ਇਕਾਈਆਂ ਦੀ ਵਰਤੋਂ ਨਾਲ ਜੋੜ-ਘਟਾਓ ਦਾ ਗਿਆਨ।
- ਤੁਲਨਾ ਕਰਨਾ ।
- ਕ੍ਰਮ ਵਿੱਚ ਸੋਚਣਾ ।

## ਲੰਬਾਈ

### ਕੀ ਤੁਹਾਨੂੰ ਯਾਦ ਹੈ ?



1. ਤੁਹਾਡੀ ਜਮਾਤ ਦੇ ਮੇਜ ਦੀ ਲੰਬਾਈ ਕਿੰਨੀਆਂ ਗਿੱਠਾਂ ਹੈ ?

   ...............................................

2. ਬਲੈਕ ਬੋਰਡ ਦੀ ਲੰਬਾਈ ਕਿੰਨੀਆਂ ਗਿੱਠਾਂ ਹਨ ?

   ...............................................



3. ਜਮਾਤ ਦੇ ਕਮਰੇ ਤੋਂ ਗੇਟ ਤੱਕ ਦੀ ਦੂਰੀ ਕਿੰਨੇ ਕਦਮ ਹੈ ?

   ...............................................

- ਉਪਰੋਕਤ ਸਵਾਲਾਂ ਦੇ ਜਵਾਬ ਵੱਖ-ਵੱਖ ਹੋਣਗੇ।
- ਅਜਿਹਾ ਇਸ ਲਈ ਕਿਉਂਕਿ ਸਾਰਿਆਂ ਦੀਆਂ ਗਿੱਠਾ ਅਤੇ ਕਦਮਾਂ ਦੀ ਲੰਬਾਈ ਇੱਕ ਜਿਹੀ ਨਹੀਂ ਹੁੰਦੀ।

## ਰੋਜ਼ਾਨਾ ਜ਼ਿੰਦਗੀ ਵਿੱਚ

ਬੱਚਿਓ, ਕੱਪੜਾ ਮਾਪਣ ਲਈ ਦੁਕਾਨਦਾਰ ਮੀਟਰ ਰੱਡ ਦੀ ਵਰਤੋਂ ਕਰਦਾ ਹੈ।




ਮੀਟਰ ਰੱਡ

ਕੀ ਦਰਜ਼ੀ ਵੀ ਕੱਪੜਾ ਮੀਟਰ ਰੱਡ ਨਾਲ ਮਾਪਦਾ ਹੈ ? ਕੀ ਉਹ ਤੁਹਾਡਾ ਮਾਪ ਮੀਟਰ ਰੱਡ ਨਾਲ ਲੈਂਦਾ ਹੈ ?



ਨਹੀਂ, ਦਰਜੀ ਇੰਚੀ ਟੇਪ ਦੀ ਵਰਤੋਂ ਕਰਦਾ ਹੈ।

ਅੱਛਾ ਬੱਚਿਓ, ਦੱਸੋ ਭਲਾ ਮਿਸਤਰੀ ਲੰਬਾਈ ਮਾਪਣ ਲਈ ਕੀ ਵਰਤਦਾ ਹੈ ?

ਮਿਸਤਰੀ ਲੰਬਾਈ ਮਾਪਣ ਲਈ ਫੀਤੇ ਦੀ ਵਰਤੋਂ ਕਰਦਾ ਹੈ।





### ਗਤੀਵਿਧੀ

**ਸਮੱਗਰੀ** — ਸੋਟੀ ਜਾਂ ਡੋਰੀ, ਇੰਚੀ ਟੇਪ, ਮਾਰਕਰ।

**ਕਿਰਿਆ** — ਇੱਕ ਸੋਟੀ ਲਓ, ਉਸਨੂੰ ਇੰਚੀ ਟੇਪ ਨਾਲ ਮਾਪ ਕੇ 1 ਮੀਟਰ 'ਤੇ ਨਿਸ਼ਾਨ ਲਗਾ ਲਓ। ਹਰ ਇੱਕ ਬੱਚੇ ਦਾ ਆਪਣਾ ਮੀਟਰ ਤਿਆਰ ਹੋ ਜਾਵੇਗਾ।

**ਅਧਿਆਪਕ ਸੰਕੇਤ :**

ਮੀਟਰ ਰੱਡ ਤਿਆਰ ਕਰਨ ਵਿੱਚ ਬੱਚਿਆਂ ਦੀ ਮਦਦ ਕਰਨਾ।



## ਆਓ ਸਿੱਖੀਏ

ਲੰਬਾਈ ਮਾਪਣ ਦੀ ਮੂਲ ਇਕਾਈ ਮੀਟਰ ਹੈ।

1 ਮੀਟਰ = 100 ਸੈਂਟੀਮੀਟਰ




ਬੱਚਿਓ, ਤੁਸੀਂ ਸੋਚ ਰਹੇ ਹੋਵੋਗੇ ਕਿ ਇੱਕ ਸੈਂਟੀਮੀਟਰ ਕਿੰਨਾ ਕੁ ਹੁੰਦਾ ਹੈ ?


ਬੱਚਿਓ, ਦੇਖੋ ਇਸ ਨੂੰ ਫੁੱਟਾ ਜਾਂ ਸਕੇਲ ਆਖਦੇ ਹਨ, ਇਸ ਉੱਤੇ ਲੱਗੇ ਸੈਂਟੀਮੀਟਰ ਦੇ ਨਿਸ਼ਾਨ ਦੇਖੋ।



ਇੱਕ ਸੈਂਟੀਮੀਟਰ ਲਗਭਗ ਤੁਹਾਡੀ ਉਂਗਲ ਦੀ ਮੋਟਾਈ ਬਰਾਬਰ ਹੁੰਦਾ ਹੈ।








ਮਾਚਿਸ ਦੀ ਤੀਲੀ 4 ਸੈਂਟੀਮੀਟਰ ਲੰਬੀ ਹੈ।

ਮੋਮੀ ਰੰਗ (ਕਰੇਓਨ).........ਸੈਂਟੀਮੀਟਰ ਲੰਬਾ ਹੈ।

### ਅਧਿਆਪਕ ਸੰਕੇਤ :

ਬੱਚਿਆਂ ਨੂੰ ਆਪਣੇ ਕੋਲ ਬੁਲਾ ਕੇ ਫੁੱਟੇ ਦੀ ਸਹਾਇਤਾ ਨਾਲ ਵੱਖ-ਵੱਖ ਵਸਤੂਆਂ ਮਾਪਣ ਲਈ ਕਹਿਣਾ।

## ਗਤੀਵਿਧੀ

ਹੇਠਾਂ ਦਿੱਤੀ ਸਾਰਣੀ ਵਿੱਚ ਆਪਣੀ ਜਮਾਤ ਦੇ ਵਿਦਿਆਰਥੀਆਂ ਦੀ ਲੰਬਾਈ ਭਰੋ ।

| ਵਿਦਿਆਰਥੀ ਦਾ ਨਾਂ | ਅਨੁਮਾਨਿਤ (ਸੈਂ. ਮੀ.) | ਸਹੀ ਮਾਪ (ਸੈਂ. ਮੀ.) |
|---|---|---|
| | | |
| | | |
| | | |
| | | |



ਦਰਵਾਜੇ ਦੀ ਲੰਬਾਈ ਦਾ (ਮੀਟਰਾਂ ਵਿੱਚ) ਅਨੁਮਾਨ ਲਗਾਓ।

ਫਿਰ ਅਧਿਆਪਕ ਮਾਪ ਕੇ ਦੱਸੇਗਾ, ...... ਮੀਟਰ।

## ਆਓ ਕਰੀਏ

1. ਲੰਬਾਈ ਪਤਾ ਕਰੋ :



...............................





...............................



...............................



...............................

**ਅਧਿਆਪਕ ਸੰਕੇਤ :**

ਵਿਦਿਆਰਥੀਆਂ ਦੀ ਲੰਬਾਈ ਮਾਪਣ ਵਿੱਚ ਸਹਾਇਤਾ ਕਰਨਾ।

2. ਕੁਝ ਹੋਰ ਵਸਤੂਆਂ ਲੈ ਕੇ ਹੇਠਾਂ ਦਿੱਤੀ ਸਾਰਣੀ ਪੂਰੀ ਕਰੋ :

| ਵਸਤੂ | ਅਨੁਮਾਨਿਤ ਲੰਬਾਈ | ਅਸਲ ਲੰਬਾਈ |
|---|---|---|
| ਚਾਕ | 7 ਸੈ. ਮੀ. | 7 ਸੈ. ਮੀ. |
| | | |
| | | |
| | | |

3. ਰੇਖਾ ਖੰਡ ਦੀ ਲੰਬਾਈ ਸੈਂਟੀਮੀਟਰਾਂ ਵਿੱਚ ਮਾਪ ਕੇ ਲਿਖੋ :

..... ਸੈ. ਮੀ.　　　　..... ਸੈ. ਮੀ.


..... ਸੈ. ਮੀ.　　　　..... ਸੈ. ਮੀ.




## ਦਿੱਤੀ ਹੋਈ ਲੰਬਾਈ ਦਾ ਰੇਖਾ-ਖੰਡ ਖਿੱਚਣਾ —

ਦਿੱਤੀ ਹੋਈ ਲੰਬਾਈ (ਮੰਨ ਲਓ 5 ਸੈਂ. ਮੀ.) ਦਾ ਰੇਖਾ-ਖੰਡ ਖਿੱਚਣ ਲਈ, ਅਸੀਂ ਹੇਠ ਲਿਖੇ ਅਨੁਸਾਰ ਚਲਦੇ ਹਾਂ-

ਇੱਕ ਬਿੰਦੂ A ਲਓ । ਫੁੱਟੇ ਨੂੰ ਇਸ ਤਰਾਂ ਰੱਖੋ ਕਿ ਫੁੱਟੇ ਦਾ '0' ਚਿੰਨ੍ਹ A ਉੱਤੇ ਹੋਵੇ। ਜਿਵੇਂ ਚਿੱਤਰ ਵਿੱਚ ਦਿਖਾਇਆ ਗਿਆ ਹੈ।




5 ਸੈਂ.ਮੀ. 'ਤੇ ਇੱਕ ਬਿੰਦੂ ਲਗਾਓ ਅਤੇ ਇਸਨੂੰ B ਨਾਮ ਦਿਓ ।




ਪੈਨਸਿਲ ਨੂੰ ਫੁੱਟੇ ਦੇ ਨਾਲ-ਨਾਲ ਚਲਾਉਂਦੇ ਹੋਏ ਬਿੰਦੂ A ਅਤੇ B ਨੂੰ ਮਿਲਾਓ । AB ਲੋੜੀਂਦਾ ਰੇਖਾ-ਖੰਡ ਹੈ।





## ਆਓ ਕਰੀਏ

1. ਹੇਠਾਂ ਦਿੱਤੀਆਂ ਲੰਬਾਈਆਂ ਦੇ ਰੇਖਾ-ਖੰਡ ਖਿੱਚੋ :


(a) 5 ਸੈ.ਮੀ. (b) 8 ਸੈ.ਮੀ. (c) 6 ਸੈ.ਮੀ. (d) 10 ਸੈ.ਮੀ.

(e) 2 ਸੈ.ਮੀ. (f) 7 ਸੈ.ਮੀ. (g) 9 ਸੈ.ਮੀ. (h) 12 ਸੈ.ਮੀ.

2. ਅਸਲੀ ₹100 ਦੇ ਨੋਟ ਦੀ ਲੰਬਾਈ ਅਤੇ ਚੌੜਾਈ ਮਾਪੋ ਅਤੇ ਲਿਖੋ—

ਅਸਲੀ ₹100 ਦੇ ਨੋਟ ਦੀ ਲੰਬਾਈ ................ ਸੈਂ. ਮੀ.

ਅਸਲੀ ₹100 ਦੇ ਨੋਟ ਦੀ ਚੌੜਾਈ ................ ਸੈਂ. ਮੀ.



## ਆਓ ਸਿੱਖੀਏ

1. ਜੋੜ ਕਰੋ

```
  44 ਸੈਂ.ਮੀ.          55 ਸੈਂ.ਮੀ.
+ 16 ਸੈਂ.ਮੀ.        + 24 ਸੈਂ.ਮੀ.
-----------         -----------
  60 ਸੈਂ.ਮੀ.          79 ਸੈਂ.ਮੀ.
```

2. ਘਟਾਓ :

```
                      5 10
  85 ਸੈਂ.ਮੀ.          6 0 ਸੈਂ.ਮੀ.
- 24 ਸੈਂ.ਮੀ.        - 2 8 ਸੈਂ.ਮੀ.
-----------         -----------
  61 ਸੈਂ.ਮੀ.          3 2 ਸੈਂ.ਮੀ.
```

3. ਸੁਮਨ ਕੋਲ 80 ਸੈਂਟੀਮੀਟਰ ਲੰਬਾ ਰਿਬਨ ਹੈ। ਮੀਨਾ ਕੋਲ 75 ਸੈਂਟੀਮੀਟਰ ਲੰਬਾ ਰਿਬਨ ਹੈ। ਜੇਕਰ ਦੋਵੇਂ ਰਿਬਨਾਂ ਨੂੰ ਜੋੜ ਦਿੱਤਾ ਜਾਵੇ ਤਾਂ ਰਿਬਨ ਦੀ ਕੁੱਲ ਲੰਬਾਈ ਪਤਾ ਕਰੋ।

ਹੱਲ

ਸੁਮਨ ਕੋਲ ਰਿਬਨ = 80 ਸੈਂ.ਮੀ.

ਮੀਨਾ ਕੋਲ ਰਿਬਨ = 75 ਸੈਂ.ਮੀ.

```
ਦੋਵੇਂ ਰਿਬਨਾਂ ਦੀ ਕੁੱਲ ਲੰਬਾਈ =   80 ਸੈਂ.ਮੀ.
                           + 75 ਸੈਂ.ਮੀ.
                           ------------
                            155 ਸੈਂ.ਮੀ.
```

ਇਸ ਲਈ, ਦੋਵੇਂ ਰਿਬਨਾਂ ਦੀ ਕੁੱਲ ਲੰਬਾਈ 155 ਸੈਂ.ਮੀ. ਹੈ।



## ਆਓ ਕਰੀਏ

1. ਜੋੜ ਕਰੋ :

| | | | |
|---|---|---|---|
| 8 ਸੈਂ.ਮੀ. | 12 ਸੈਂ.ਮੀ. | 45 ਸੈਂ.ਮੀ. | 80 ਸੈਂ.ਮੀ. |
| + 6 ਸੈਂ.ਮੀ. | + 18 ਸੈਂ.ਮੀ. | + 26 ਸੈਂ.ਮੀ. | + 25 ਸੈਂ.ਮੀ. |
| ______ | ______ | ______ | ______ |
| 9 ਸੈਂ.ਮੀ. | 82 ਸੈਂ.ਮੀ. | 67 ਸੈਂ.ਮੀ. | 30 ਸੈਂ.ਮੀ. |
| + 4 ਸੈਂ.ਮੀ. | + 64 ਸੈਂ.ਮੀ. | + 57 ਸੈਂ.ਮੀ. | + 18 ਸੈਂ.ਮੀ. |
| ______ | ______ | ______ | ______ |

2. ਘਟਾਓ ਕਰੋ :

| | | | |
|---|---|---|---|
| 9 ਸੈਂ.ਮੀ. | 74 ਸੈਂ.ਮੀ. | 42 ਸੈਂ.ਮੀ. | 70 ਸੈਂ.ਮੀ. |
| - 4 ਸੈਂ.ਮੀ. | - 15 ਸੈਂ.ਮੀ. | - 16 ਸੈਂ.ਮੀ. | - 35 ਸੈਂ.ਮੀ. |
| ______ | ______ | ______ | ______ |
| 41 ਸੈਂ.ਮੀ. | 42 ਸੈਂ.ਮੀ. | 60 ਸੈਂ.ਮੀ. | 95 ਸੈਂ.ਮੀ. |
| - 25 ਸੈਂ.ਮੀ. | - 30 ਸੈਂ.ਮੀ. | - 28 ਸੈਂ.ਮੀ. | - 40 ਸੈਂ.ਮੀ. |
| ______ | ______ | ______ | ______ |

3. ਸਕੂਲ ਵਿੱਚ ਲੜਕੀਆਂ ਨੂੰ ਵਰਦੀ ਲਈ ਕੱਪੜਾ ਦਿੱਤਾ ਜਾਣਾ ਹੈ । ਸਿਮਰਨ ਨੂੰ ਕਮੀਜ਼ ਲਈ 2 ਮੀਟਰ ਅਤੇ ਸਲਵਾਰ ਲਈ 3 ਮੀਟਰ ਕੱਪੜਾ ਚਾਹੀਦਾ ਹੈ ।ਦੱਸੋ ਸਿਮਰਨ ਨੂੰ ਵਰਦੀ ਲਈ ਕਿੰਨੇ ਮੀਟਰ ਕੱਪੜਾ ਚਾਹੀਦਾ ਹੈ ?
4. ਸਤਵੀਰ ਸਿੰਘ ਦਾ ਸਕੂਲ ਉਸ ਦੇ ਘਰ ਤੋਂ 175 ਮੀਟਰ ਦੀ ਦੂਰੀ 'ਤੇ ਹੈ, ਉਸ ਦੁਆਰਾ ਇੱਕ ਦਿਨ ਵਿੱਚ ਘਰ ਤੋਂ ਸਕੂਲ ਆਉਣ ਅਤੇ ਸਕੂਲ ਤੋਂ ਘਰ ਜਾਣ ਵਿੱਚ ਕੁੱਲ ਕਿੰਨੀ ਦੂਰੀ ਤੈਅ ਕੀਤੀ ?
5. ਸਰੋਜ ਨੇ ਇੱਕ ਫੁੱਲ ਬਣਾਉਣ ਲਈ 75 ਸੈਂ.ਮੀ. ਲਾਲ ਰਿਬਨ ਅਤੇ 60 ਸੈਂ.ਮੀ. ਹਰੇ ਰੰਗ ਦਾ ਰਿਬਨ ਵਰਤਿਆ। ਫੁੱਲ ਬਣਾਉਣ ਲਈ ਸਰੋਜ ਵੱਲੋਂ ਕਿੰਨੇ ਸੈਂ.ਮੀ. ਰਿਬਨ ਦੀ ਵਰਤੋਂ ਕੀਤੀ ?

# ਭਾਰ

## ਕੀ ਤੁਹਾਨੂੰ ਯਾਦ ਹੈ?

1) ਤੁਹਾਡੇ ਇੱਕ ਹੱਥ ਵਿੱਚ ਜੁਮੈਟਰੀ ਬਾਕਸ ਹੈ ਅਤੇ ਦੂਜੇ ਹੱਥ ਵਿੱਚ ਪੈਨਸਿਲ ਹੈ। ਕਿਹੜੀ ਚੀਜ਼ ਭਾਰੀ ਲੱਗੇਗੀ ? ...................

2) ਤੁਹਾਡੇ ਇੱਕ ਹੱਥ ਵਿੱਚ ਪਪੀਤਾ ਹੈ ਅਤੇ ਦੂਜੇ ਹੱਥ ਵਿੱਚ ਬੇਰ ਹੈ। ਕਿਹੜੀ ਵਸਤੂ ਭਾਰੀ ਲੱਗੇਗੀ ? ...................

3) ਇੱਕ ਟੋਕਰੀ ਵਿੱਚ 20 ਅੰਬ ਹਨ ਅਤੇ ਦੂਜੀ ਟੋਕਰੀ ਵਿੱਚ 20 ਬੇਰ ਹਨ । ਕਿਹੜੀ ਟੋਕਰੀ ਦਾ ਭਾਰ ਜ਼ਿਆਦਾ ਹੋਵੇਗਾ ?


## ਆਓ ਸਿੱਖੀਏ

## ਰੋਜ਼ਾਨਾ ਜ਼ਿੰਦਗੀ ਵਿੱਚ






## ਵਸਤੂ ਦੇ ਭਾਰ ਅਨੁਸਾਰ ਸੂਈ ਦੀ ਸਥਿਤੀ ਦਰਸਾਉਣਾ :




## ਪ੍ਰਯੋਗੀ ਕਿਰਿਆ


**ਉਦੇਸ਼** : ਭਾਰ ਤੋਲਣ ਲਈ ਤੱਕੜੀ ਬਣਾਉਣਾ ਸਿਖਾਉਣਾ।

**ਸਮੱਗਰੀ** : ਦੋ ਪਲਾਸਟਿਕ ਦੇ ਇੱਕੋ ਜਿਹੇ ਢੱਕਣ, ਡੋਰੀ ਅਤੇ ਸੋਟੀ।

**ਵਿਧੀ** : ਅਧਿਆਪਕ ਦੀ ਮਦਦ ਨਾਲ ਢੱਕਣਾਂ ਵਿੱਚ ਸੁਰਾਖ ਕਰ ਲਵੋ।



ਦੋਹਾਂ ਢੱਕਣਾਂ ਵਿੱਚ ਡੋਰੀ ਪਰੋ ਕੇ ਉਨ੍ਹਾਂ ਨੂੰ ਸੋਟੀ ਦੇ ਦੋਵੇਂ ਸਿਰਿਆਂ 'ਤੇ ਬੰਨ ਦਿਓ।



ਡੋਰੀ ਦਾ ਕੁੱਝ ਹਿੱਸਾ ਸੋਟੀ ਦੇ ਵਿਚਕਾਰ ਬੰਨੋ। ਤੁਹਾਡੀ ਤੱਕੜੀ ਤਿਆਰ ਹੈ।



## ਆਓ ਕਰੀਏ

1. ਵਸਤੂਆਂ ਦੇ ਭਾਰ ਅਨੁਸਾਰ ਸੂਈ ਦੀ ਸਥਿਤੀ ਦਰਸਾਓ :






2. ਭਾਰਾ, ਹਲਕਾ ਜਾਂ ਬਰਾਬਰ ਪਤਾ ਕਰੋ :




(a) ਗੋਭੀ ਦਾ ਫੁੱਲ, ਸੇਬ ਤੋਂ............ਹੈ। (b) ਦੋਵੇਂ ਕਿਨੂੰਆਂ ਦਾ ਭਾਰ............ਹੈ।




(c) ਖਰਬੂਜਾ, ਤਰਬੂਜ ਤੋਂ............ਹੈ। (d) ਕਿਤਾਬ, ਜੁਮੈਟਰੀ ਬਾਕਸ ਤੋਂ............ਹੈ।

3. ਹੇਠਾਂ ਦਿੱਤੀਆਂ ਵਸਤੂਆਂ ਨੂੰ ਉਨ੍ਹਾਂ ਦੇ ਭਾਰ ਦੇ ਆਧਾਰ ਤੇ ਹਲਕੇ ਤੋਂ ਭਾਰੇ ਕ੍ਰਮ 1 ਤੋਂ 5 ਵਿ
ਲਿਖੋ :



| | | | | |
|---|---|---|---|---|
| | | | 1 | |

4. ਇੱਕ ਇੱਟ ਦਾ ਭਾਰ 3 ਕਿਲੋਗ੍ਰਾਮ ਹੈ, ਹੇਠਾਂ ਦਿੱਤੀਆਂ ਵਸਤੂਆਂ ਵਿੱਚੋਂ ਇੱਟ ਤੋਂ ਭਾਰੀ ਅਤੇ ਹਲਕੀਆਂ ਵਸਤੂਆਂ ਚੁਣੋ ਅਤੇ ਹੇਠਾਂ ਦਿੱਤੀ ਸਾਰਣੀ ਵਿੱਚ ਲਿਖੋ :





| ਇੱਟ ਤੋਂ ਭਾਰੀ ਵਸਤੂਆਂ ਦੇ ਨਾਂ ਲਿਖੋ | ਇੱਟ ਤੋਂ ਹਲਕੀਆਂ ਵਸਤੂਆਂ ਦੇ ਨਾਂ ਲਿਖੋ |
|---|---|
| 1. ਕੁਰਸੀ | 1. ਥਾਲੀ |
| 2. | 2. |
| 3. | 3. |
| 4. | 4. |
| 5. | 5. |

## ਗਤੀਵਿਧੀ




ਬੱਚਿਓ, ਆਪਣੇ-2 ਘਰ ਤੋਂ ਕੁੱਝ ਅਜਿਹੇ ਵਸਤੂਆਂ ਦੇ ਖਾਲੀ ਪੈਕਟ ਲੈ ਕੇ ਉਨ੍ਹਾਂ ਉੱਤੇ ਲਿਖੇ ਭਾਰ ਨੋਟ ਕਰੋ ਅਤੇ ਉਨ੍ਹਾਂ ਨੂੰ ਕੱਟ ਕੇ ਹੇਠਾਂ ਚਿਪਕਾਓ :

| ਵਸਤੂ ਦਾ ਨਾਮ | ਭਾਰ | ਚਿਪਕਾਉਣ ਲਈ ਥਾਂ |
|---|---|---|
| | | |

## ਆਓ ਸਿੱਖੀਏ

### 1. ਭਾਰ ਦੀ ਇਕਾਈਆਂ ਦਾ ਜੋੜ - ਘਟਾਓ :

| | | | |
|---|---|---|---|
| | | 4 10 | |
| 7 6 ਕਿ. ਗ੍ਰਾਮ | 2 8 ਕਿ. ਗ੍ਰਾਮ | 5 0 ਕਿ. ਗ੍ਰਾਮ | 8 0 ਕਿ. ਗ੍ਰਾਮ |
| + 5 4 ਕਿ. ਗ੍ਰਾਮ | + 7 4 ਕਿ. ਗ੍ਰਾਮ | - 2 6 ਕਿ. ਗ੍ਰਾਮ | - 3 7 ਕਿ. ਗ੍ਰਾਮ |
| 130 ਕਿ. ਗ੍ਰਾਮ | 102 ਕਿ. ਗ੍ਰਾਮ | 2 4 ਕਿ. ਗ੍ਰਾਮ | 4 3 ਕਿ. ਗ੍ਰਾਮ |

2. ਰਮਨ ਦਾ ਭਾਰ 30 ਕਿਲੋਗ੍ਰਾਮ ਹੈ। ਜੋਤ ਦਾ ਭਾਰ 25 ਕਿਲੋਗ੍ਰਾਮ ਹੈ। ਕਿਸ ਦਾ ਭਾਰ ਵੱਧ ਹੈ ਅਤੇ ਕਿੰਨਾ ?

ਰਮਨ ਦਾ ਭਾਰ = 30 ਕਿਲੋਗ੍ਰਾਮ
ਜੋਤ ਦਾ ਭਾਰ = 25 ਕਿਲੋਗ੍ਰਾਮ

ਵੱਧ ਭਾਰ = 30 ਕਿਲੋਗ੍ਰਾਮ
− 25 ਕਿਲੋਗ੍ਰਾਮ
5 ਕਿਲੋਗ੍ਰਾਮ

ਰਮਨ ਦਾ ਭਾਰ ਵੱਧ ਹੈ ਅਤੇ ਜੋਤ ਦੇ ਭਾਰ ਤੋਂ 5 ਕਿਲੋਗ੍ਰਾਮ ਵੱਧ ਹੈ।

## ਆਓ ਕਰੀਏ

1. ਜੋੜ ਕਰੋ :

| | | | |
|---|---|---|---|
| 8 2 ਕਿ. ਗ੍ਰਾਮ | 5 0 ਕਿ. ਗ੍ਰਾਮ | 4 8 ਕਿ. ਗ੍ਰਾਮ | 8 5 ਕਿ. ਗ੍ਰਾਮ |
| + 6 5 ਕਿ. ਗ੍ਰਾਮ | + 9 4 ਕਿ. ਗ੍ਰਾਮ | + 7 5 ਕਿ. ਗ੍ਰਾਮ | + 5 5 ਕਿ. ਗ੍ਰਾਮ |

2. ਘਟਾਓ ਕਰੋ :

| | | | |
|---|---|---|---|
| 8 7 ਕਿ. ਗ੍ਰਾਮ | 7 1 ਕਿ. ਗ੍ਰਾਮ | 9 0 ਕਿ. ਗ੍ਰਾਮ | 4 2 ਕਿ. ਗ੍ਰਾਮ |
| - 5 0 ਕਿ. ਗ੍ਰਾਮ | - 5 1 ਕਿ. ਗ੍ਰਾਮ | - 7 6 ਕਿ. ਗ੍ਰਾਮ | - 2 5 ਕਿ. ਗ੍ਰਾਮ |

3. ਅਮਰੀਕ ਸਿੰਘ ਨੇ ਇੱਕ ਦੁਕਾਨ ਤੋਂ 25 ਕਿਲੋਗ੍ਰਾਮ ਆਟਾ ਅਤੇ 8 ਕਿਲੋਗ੍ਰਾਮ ਖੰਡ ਖਰੀਦੀ, ਦੱਸੋ ਉਸ ਨੇ ਕਿੰਨੇ ਕਿਲੋਗ੍ਰਾਮ ਰਾਸ਼ਨ ਖਰੀਦਿਆ ?
4. ਸ਼ੰਕਰ ਸਬਜ਼ੀ ਵਾਲੇ ਨੇ ਸਬਜ਼ੀ ਮੰਡੀ ਵਿੱਚੋਂ 90 ਕਿੱਲੋਗ੍ਰਾਮ ਆਲੂ ਖਰੀਦੇ। ਉਸਨੇ 42 ਕਿਲੋਗ੍ਰਾਮ ਆਲੂ ਵੇਚ ਦਿੱਤੇ। ਦੱਸੋ ਉਸ ਕੋਲ ਕਿੰਨੇ ਆਲੂ ਬਚ ਗਏ ?
5. ਇੱਕ ਸਰਕਾਰੀ ਸਕੂਲ ਵਿੱਚ ਮਹੀਨੇ ਦੌਰਾਨ ਬਣੇ ਮਿਡ-ਡੇ-ਮੀਲ ਵਿੱਚ 103 ਕਿਲੋਗ੍ਰਾਮ ਕਣਕ ਤੇ 98 ਕਿਲੋਗ੍ਰਾਮ ਚਾਵਲ ਦੀ ਵਰਤੋਂ ਹੋਈ ।ਸਕੂਲ ਵਿੱਚ ਮਹੀਨੇ ਦੌਰਾਨ ਕਿੰਨੇ ਅਨਾਜ ਦੀ ਵਰਤੋਂ ਹੋਈ ?

# ਸਮਰੱਥਾ

## ਕੀ ਤੁਹਾਨੂੰ ਯਾਦ ਹੈ ?

ਇੱਕ ਬੋਤਲ ਦੀ ਧਾਰਨ ਸਮਰੱਥਾ 3 ਗਲਾਸ ਪਾਣੀ ਦੇ ਬਰਾਬਰ ਹੈ ਤਾਂ :

(a) ਦੋ ਬੋਤਲਾਂ ਦੀ ਧਾਰਨ ਸਮਰੱਥਾ ..................ਗਲਾਸ ਪਾਣੀ ਦੇ ਬਰਾਬਰ ਹੋਵੇਗੀ।

(b) ਤਿੰਨ ਬੋਤਲਾਂ ਦੀ ਧਾਰਨ ਸਮਰੱਥਾ ....................ਗਲਾਸ ਪਾਣੀ ਦੇ ਬਰਾਬਰ ਹੈ।

(c) ਚਾਰ ਬੋਤਲਾਂ ਦੀ ਧਾਰਨ ਸਮਰੱਥਾ ......................ਗਲਾਸ ਪਾਣੀ ਦੇ ਬਰਾਬਰ ਹੈ।

(d) ਪੰਜ ਬੋਤਲਾਂ ਦੀ ਧਾਰਨ ਸਮਰੱਥਾ ......................ਗਲਾਸ ਪਾਣੀ ਦੇ ਬਰਾਬਰ ਹੈ।

(e) ਛੇ ਬੋਤਲਾਂ ਦੀ ਧਾਰਨ ਸਮਰੱਥਾ ......................ਗਲਾਸ ਪਾਣੀ ਦੇ ਬਰਾਬਰ ਹੈ।

## ਗਤੀਵਿਧੀ

ਪਾਣੀ ਨੂੰ ਵੱਖ-ਵੱਖ ਅਕਾਰਾਂ ਦੇ ਬਰਤਨਾਂ ਵਿੱਚ ਪਾ ਕੇ ਦੇਖੋ!

ਤੁਸੀਂ ਦੇਖੋਗੇ! ਕਿ ਉਹ ਉਸੇ ਬਰਤਨ ਦਾ ਅਕਾਰ ਲੈ ਲਵੇਗਾ।








## ਆਓ ਸਿੱਖੀਏ



ਬੱਚਿਓ, ਰਮਨ ਨੇ ਇਸ ਜੱਗ ਨੂੰ 6 ਗਲਾਸ ਪਾਣੀ ਨਾਲ ਭਰਿਆ।








ਰਮਨ

ਇਸ ਜੱਗ ਵਿੱਚ ਇੱਕੋ ਤਰ੍ਹਾਂ ਦੇ 6 ਗਲਾਸ ਪਾਣੀ ਸਮਾ ਸਕਦਾ ਹੈ ਭਾਵ ਜੱਗ ਦੀ ਸਮਰੱਥਾ 6 ਗਲਾਸਾਂ ਦੀ ਸਮਰੱਥਾ ਦੇ ਬਰਾਬਰ ਹੈ।



ਪਰ ਇਹ ਕੀ !!!
ਮੀਨੂੰ ਨੇ ਤਾਂ 4 ਗਲਾਸ ਪਾਣੀ ਨਾਲ ਹੀ ਉਹੀ ਜੱਗ ਭਰ ਦਿੱਤਾ!







ਮੀਨੂ



ਬੱਚਿਓ, ਕੀ ਤੁਸੀਂ ਦੱਸ ਸਕਦੇ ਹੋ ਕਿ ਅਜਿਹਾ ਕਿਉਂ ਹੋਇਆ ?




ਅਜਿਹਾ ਤਾਂ ਹੋਇਆ ਕਿਉਂਕਿ ਮੀਨੂੰ ਦਾ ਗਲਾਸ ਵੱਡਾ ਹੈ।

ਬਿਲਕੁਲ ਠੀਕ,
ਮੀਨੂੰ ਦੇ ਗਲਾਸ ਦਾ ਅਕਾਰ ਰਮਨ ਦੇ ਗਲਾਸ ਤੋਂ ਵੱਡਾ ਹੈ।



ਬੱਚਿਓ ਤੁਸੀਂ ਦੇਖਿਆ ਹੋਣਾ ਕਿ ਦੋਧੀ ਦੁੱਧ ਮਾਪਣ ਲਈ ਕੋਈ ਆਮ ਬਰਤਨ ਦੀ ਵਰਤੋਂ ਨਹੀਂ ਕਰਦਾ। ਉਸ ਕੋਲ ਇੱਕ ਮਾਪਕ ਹੁੰਦਾ ਹੈ ਜੋ ਆਮ ਤੌਰ 'ਤੇ ਇੱਕ ਲਿਟਰ ਦਾ ਬਣਿਆ ਹੁੰਦਾ ਹੈ। ਇਸ ਨਾਲ ਉਹ ਦੁੱਧ ਦੀ ਸਹੀ ਮਾਤਰਾ ਮਾਪਦਾ ਹੈ।







## ਆਓ ਕਰੀਏ

ਹੇਠ ਦਿੱਤੀਆਂ ਵਸਤੂਆਂ ਨੂੰ ਉਹਨਾਂ ਦੀ ਸਮਰੱਥਾ ਦੇ ਆਧਾਰ 'ਤੇ ਘੱਟ ਤੋਂ ਵੱਧ ਕ੍ਰਮ ਵਿੱਚ 1 ਤੋਂ 5 ਲਿਖੋ –




ਇਸ ਮੱਗ ਵਿੱਚ ਇੱਕ ਲਿਟਰ ਪਾਣੀ ਆਉਂਦਾ ਹੈ, ਹੇਠਾਂ ਦਿੱਤੀਆਂ ਵਸਤੂਆਂ ਵਿੱਚੋਂ ਮੱਗ ਤੋਂ ਵੱਧ ਅਤੇ ਘੱਟ ਸਮਰੱਥਾ ਵਾਲੀਆਂ ਵਸਤੂਆਂ ਚੁਣੋ :




| ਮੱਗ ਤੋਂ ਵੱਧ ਸਮਰੱਥਾ ਵਾਲੀਆਂ ਵਸਤੂਆਂ ਦੇ ਨਾਮ | ਮੱਗ ਤੋਂ ਘੱਟ ਸਮਰੱਥਾ ਵਾਲੀਆਂ ਵਸਤੂਆਂ ਦੇ ਨਾਮ |
|---|---|
| 1. ਜੱਗ | 1. ਚਮਚ |
| 2. | 2. |
| 3. | 3. |
| 4. | 4. |
| 5. | 5. |
| 6. | 6. |

## ਵੱਧ, ਘੱਟ ਅਤੇ ਬਰਾਬਰ ਪਤਾ ਕਰੋ :




ਇੱਕ ਲਿਟਰ ਤੋਂ ਵੱਧ ਹੈ    ਇੱਕ ਲਿਟਰ ———    ਦੋ ਲਿਟਰ ———    ਤਿੰਨ ਲਿਟਰ ———    ਦੋ ਲਿਟਰ ———

## ਹੇਠਾਂ ਦਿੱਤੇ ਮਾਪਕਾਂ ਵਿੱਚ ਦਿੱਤੀ ਗਈ ਮਾਤਰਾ ਅਨੁਸਾਰ ਰੰਗ ਭਰੋ :





ਇੱਕ ਲਿਟਰ ਤੋਂ ਘੱਟ    ਤਿੰਨ ਲਿਟਰ ਤੋਂ ਘੱਟ    ਚਾਰ ਲਿਟਰ ਦੇ ਬਰਾਬਰ    ਦੋ ਲਿਟਰ ਤੋਂ ਵੱਧ    ਇੱਕ ਲਿਟਰ ਤੋਂ ਵੱਧ

5.  ਗਲਾਸ ਦੀ ਮਦਦ ਨਾਲ ਕੁੱਝ ਬਰਤਨ ਲੈ ਕੇ ਪਤਾ ਕਰੋ ਕਿ ਉਨ੍ਹਾਂ ਦੀ ਸਮਾਈ ਕਿੰਨੇ ਗਲਾਸ ਦੇ ਬਰਾਬਰ ਹੈ :

| ਵਸਤੂਆਂ | ਅਨੁਮਾਨ ਅਨੁਸਾਰ ਗਿਣਤੀ | ਅਸਲ ਵਿੱਚ ਗਿਣਤੀ |
|---|---|---|
| **1.** ਜੱਗ | | |
| **2.** ਮੱਗ | | |
| **3.** ਬਾਲਟੀ | | |
| **4.** ਟੱਬ | | |

5. ਉਪਰੋਕਤ ਬਰਤਨਾਂ ਦੀ ਸਮਾਈ  ਅਤੇ  ਦੀ ਸਹਾਇਤਾ ਨਾਲ ਵੀ ਪਤਾ ਕਰੋ।



## ਆਓ ਸਿੱਖੀਏ

**1. ਆਇਤਨ ਦੀ ਇਕਾਈਆਂ ਦਾ ਜੋੜ, ਘਟਾਓ :**

| | | | |
|---|---|---|---|
| 4 9 ਲਿ. | 9 4 ਲਿ. | (4 13) ~~5~~ ~~3~~ ਲਿ. | (4 10) ~~5~~ ~~0~~ ਲਿ. |
| + 7 2 ਲਿ. | + 2 6 ਲਿ. | − 2 6 ਲਿ. | − 1 6 ਲਿ. |
| 12 1 ਲਿ. | 12 0 ਲਿ. | 2 7 ਲਿ. | 3 4 ਲਿ. |

**2. ਹਰਜੋਤ ਦੇ ਘਰ 500 ਲਿਟਰ ਦੀ ਟੈਂਕੀ ਹੈ। ਉਸਦੇ ਪਿਤਾ ਜੀ ਨੇ ਸਵੇਰੇ ਮੋਟਰ ਚਲਾ ਕੇ ਟੈਂਕੀ ਭਰੀ ਸੀ। ਸਾਰੇ ਦਿਨ ਵਿੱਚ 350 ਲਿਟਰ ਪਾਣੀ ਵਰਤਿਆ ਗਿਆ । ਹੁਣ ਟੈਂਕੀ ਵਿੱਚ ਕਿੰਨੇ ਲਿਟਰ ਪਾਣੀ ਹੋਵੇਗਾ ?**

<u>ਹੱਲ :</u>

ਟੈਂਕੀ ਵਿੱਚ ਪਾਣੀ = 500 ਲਿਟਰ

ਵਰਤਿਆ ਪਾਣੀ = 350 ਲਿਟਰ

ਟੈਂਕੀ ਵਿੱਚ ਬਾਕੀ ਪਾਣੀ =

  500 ਲਿਟਰ
−350 ਲਿਟਰ
  150 ਲਿਟਰ

ਇਸ ਲਈ, ਟੈਂਕੀ ਵਿੱਚ ਹੁਣ 150 ਲਿਟਰ ਪਾਣੀ ਹੈ।



## ਆਓ ਕਰੀਏ

**1. ਜੋੜ ਕਰੋ :**

| | | | |
|---|---|---|---|
| 5 9 ਲਿ. | 3 6 ਲਿ. | 4 0 ਲਿ. | 8 4 ਲਿ. |
| + 9 1 ਲਿ. | + 9 0 ਲਿ. | + 2 5 ਲਿ. | + 5 6 ਲਿ. |
| ______ | ______ | ______ | ______ |

**2. ਘਟਾਓ ਕਰੋ :**

| | | | |
|---|---|---|---|
| 4 9 ਲਿ. | 5 8 ਲਿ. | 2 0 ਲਿ. | 7 8 ਲ. |
| - 2 5 ਲਿ. | - 1 0 ਲਿ. | - 1 3 ਲਿ. | - 4 9 ਲਿ. |
| ______ | ______ | ______ | ______ |

3. ਸ੍ਰੀਮਤੀ ਦੇਵਕੀ ਰਾਣੀ ਨੇ ਆਪਣੇ ਘਰ ਲਈ 5 ਲਿਟਰ ਰਿਫਾਇੰਡ ਤੇਲ ਤੇ 2 ਲਿਟਰ ਸਰੋਂ ਦਾ ਤੇਲ ਖਰੀਦਿਆ।ਉਸ ਨੇ ਕਿੰਨੇ ਲਿਟਰ ਤੇਲ ਖਰੀਦਿਆ ?

4. ਇੱਕ ਪਰਿਵਾਰ ਵੱਲੋਂ ਇੱਕ ਦਿਨ ਵਿੱਚ 375 ਲਿਟਰ ਪਾਣੀ ਦੀ ਵਰਤੋਂ ਕੀਤੀ ਗਈ। ਜੇ ਟੈਂਕੀ ਵਿੱਚ 500 ਲਿਟਰ ਪਾਣੀ ਸੀ ਤਾਂ ਹੁਣ ਟੈਂਕੀ ਵਿੱਚ ਕਿੰਨੇ ਲਿਟਰ ਪਾਣੀ ਹੈ ?

## ਵਰਕਸ਼ੀਟ

### ਠੀਕ ਉੱਤਰ ਚੁਣ ਕੇ (✓) ਦਾ ਨਿਸ਼ਾਨ ਲਗਾਓ

1. 1 ਮੀਟਰ ਵਿੱਚ ਕਿੰਨੇ ਸੈਂਟੀਮੀਟਰ ਹੁੰਦੇ ਹਨ ?

   (a) 10 ਸੈਂ.ਮੀ. (b) 100 ਸੈਂ.ਮੀ. (c) 1000 ਸੈਂ.ਮੀ.(d) 10,000 ਸੈਂ.ਮੀ.

2. 4 ਮੀਟਰ ਵਿੱਚ ਕਿੰਨੇ ਸੈਂਟੀਮੀਟਰ ਹੁੰਦੇ ਹਨ ?

   (a) 300 ਸੈਂ.ਮੀ. (b) 4000 ਸੈਂ.ਮੀ. (c) 400 ਸੈਂ.ਮੀ.(d) 40 ਸੈਂ.ਮੀ.

3. ਪੈਨਸਿਲ ਦੀ ਲੰਬਾਈ 18 ਸੈਂਟੀਮੀਟਰ ਹੈ ਅਤੇ ਚਾਕ ਦੀ ਲੰਬਾਈ 6 ਸੈਂਟੀਮੀਟਰ ਹੈ । ਪੈਨਸਿਲ ਦੀ ਲੰਬਾਈ, ਚਾਕ ਦੀ ਲੰਬਾਈ ਤੋਂ ਕਿੰਨੇ ਸੈਂਟੀਮੀਟਰ ਵੱਧ ਹੈ ?

   (a) 18 ਸੈਂ.ਮੀ. (b) 16 ਸੈਂ.ਮੀ. (c) 12 ਸੈਂ.ਮੀ. (d) 14 ਸੈਂ.ਮੀ.

4. ਪੈੱਨ ਦੀ ਲੰਬਾਈ 12 ਸੈਂਟੀਮੀਟਰ ਹੈ । ਸ਼ਾਪਨਰ ਦੀ ਲੰਬਾਈ 2 ਸੈਂਟੀਮੀਟਰ ਹੈ । ਪੈੱਨ ਸ਼ਾਪਨਰ ਤੋਂ ਕਿੰਨੇ ਸੈਂਟੀਮੀਟਰ ਵੱਧ ਹੈ ?

   (a) 8 ਸੈਂ.ਮੀ. (b) 6 ਸੈਂ.ਮੀ. (c) 9 ਸੈਂ.ਮੀ.(d) 10 ਸੈਂ.ਮੀ.

5. ਰਮਨ ਦੇ ਮਾਤਾ ਜੀ ਨੇ ਸਬਜ਼ੀ ਵਾਲੇ ਤੋਂ 5 ਕਿ. ਗ੍ਰਾ. ਆਲੂ ਅਤੇ 4 ਕਿ.ਗ੍ਰਾਮ ਪਿਆਜ ਖ੍ਰੀਦੇ।ਉਸ ਨੇ ਕੁੱਲ ਕਿੰਨੇ ਕਿਲੋਗ੍ਰਾਮ ਸਬਜ਼ੀ ਖ੍ਰੀਦੀ ?

   (a) 7 ਕਿ.ਗ੍ਰਾ. (b) 9 ਕਿ.ਗ੍ਰਾ. (c) 12 ਕਿ.ਗ੍ਰਾ. (d) 8 ਕਿ.ਗ੍ਰਾ.

6. ਇੱਕ ਹਲਵਾਈ ਇੱਕ ਦਿਨ ਵਿੱਚ 20 ਕਿਲੋਗ੍ਰਾਮ ਲੱਡੂ ਬਣਾਉਂਦਾ ਹੈ । ਉਹ 10 ਕਿਲੋਗ੍ਰਾਮ ਲੱਡੂ ਵੇਚ ਦਿੰਦਾ ਹੈ ।ਉਸ ਕੋਲ ਬਾਕੀ ਕਿੰਨੇ ਕਿਲੋਗ੍ਰਾਮ ਲੱਡੂ ਹਨ ?

   (a) 5 ਕਿ.ਗ੍ਰਾ. (b) 10 ਕਿ.ਗ੍ਰਾ. (c) 20 ਕਿ.ਗ੍ਰਾ. (d) 25 ਕਿ.ਗ੍ਰਾ.

8. ਇੱਕ ਬਰਤਨ ਵਿੱਚ 10 ਲਿਟਰ ਦੁੱਧ ਹੈ ਅਤੇ ਦੂਸਰੇ ਬਰਤਨ ਵਿੱਚ 15 ਲਿਟਰ ਦੁੱਧ ਹੈ ।ਦੱਸੋ ਦੋਵਾਂ ਬਰਤਨਾਂ ਵਿੱਚ ਕਿੰਨੇ ਲਿਟਰ ਦੁੱਧ ਹੈ ?

## ਯਾਦ ਰੱਖਣ ਯੋਗ ਗੱਲਾਂ

- 1 ਮੀਟਰ = 100 ਸੈਂਟੀਮੀਟਰ
- ਅਸੀਂ ਛੋਟੀਆਂ ਵਸਤੂਆਂ ਦੀ ਲੰਬਾਈ ਸੈਂਟੀਮੀਟਰਾਂ ਵਿੱਚ ਮਾਪਦੇ ਹਾਂ ।
- 1 ਕਿਲੋਗ੍ਰਾਮ = 1000 ਗ੍ਰਾਮ
- ਤਰਲ ਵਸਤੂਆਂ ਜਿਵੇਂ ਕਿ ਪਾਣੀ ਜਾਂ ਦੁੱਧ ਆਦਿ ਨੂੰ ਅਸੀਂ ਲਿਟਰਾਂ ਵਿੱਚ ਮਾਪਦੇ ਹਾਂ।

## ਅਸੀਂ ਜੋ ਸਿੱਖਿਆ

ਮਾਪ

ਲੰਬਾਈ | ਭਾਰ | ਸਮਰੱਥਾ

ਮਿਆਰੀ ਇਕਾਈਆਂ ਦੀ ਸਮਝ

ਮਿਆਰੀ ਇਕਾਈਆਂ ਦੀ ਵਰਤੋਂ ਨਾਲ ਜੋੜ-ਘਟਾਓ ਦੇ ਸਵਾਲਾਂ ਦੀ ਸਮਝ

ਰੋਜ਼ਾਨਾ ਜ਼ਿੰਦਗੀ ਵਿੱਚ ਮਿਆਰੀ ਇਕਾਈਆਂ ਦੀ ਵਰਤੋਂ